# Marking Scheme –Punjabi (004)

ਅੰਕ-ਯੋਜਨਾ/ਪੜਤਾਲ-ਯੋਜਨਾ, ਫਰਵਰੀ/ਮਾਰਚ-2020

ਜਮਾਤ-ਦਸਵੀਂ SET-4, ਕੋਡ ਨੰ. 6

ਵਿਸ਼ਾ-ਪੰਜਾਬੀ ਪੂਰਨ ਅੰਕ:80

**ਆਮ ਹਦਾਇਤਾਂ:-**

- ਅੰਕ ਯੋਜਨਾ/ਪੜਤਾਲ ਯੋਜਨਾ ਨਿਰੀਖਿਅਕਾਂ ਦੀ ਵਿਅਕਤੀਗਤਤਾ ਨੂੰ ਘੱਟ ਕਰਨ ਲਈ, ਇਕਰੂਪਤਾ ਪ੍ਰਦਾਨ ਕਰਨ ਲਈ, ਅੰਕ ਸਮਾਨਤਾ ਲਈ ਅਤੇ ਨਿਯਮ-ਬੱਧ ਮੁਲਾਂਕਣ ਲਈ ਹੈ।
- ਪ੍ਰਸ਼ਨ-ਪੱਤਰ ਵਿਚਲੀਆਂ ਅਸ਼ੁੱਧੀਆਂ ਨੂੰ ਨਿਰੀਖਿਅਕ ਆਪ ਹੀ ਦਰੁਸਤ ਕਰਕੇ ਵਿਦਿਆਰਥੀ ਨੂੰ ਬਣਦਾ ਲਾਭ ਦੇਣ।
- ਚੋਣ ਆਧਾਰਿਤ ਪ੍ਰਸ਼ਨਾਂ ਵਿੱਚੋਂ ਜੇਕਰ ਲੋੜੀਂਦੇ ਪ੍ਰਸ਼ਨਾਂ ਤੋਂ ਵੱਧ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਹੋਣ ਤਾਂ ਵਿਦਿਆਰਥੀ ਦੁਆਰਾ ਦਿੱਤੇ ਗਏ ਵਧੇਰੇ ਉਚਿਤ, ਵਧੀਆ ਤੇ ਵੱਧ ਪ੍ਰਾਪਤ ਅੰਕਾਂ ਵਾਲ਼ੇ ਉੱਤਰਾਂ ਨੂੰ ਹੀ ਸਹੀ ਸਮਝਿਆ ਜਾਵੇ। ਫ਼ਾਲਤੂ ਉੱਤਰਾਂ ਉੱਤੇ ਵਾਧੂ/OA ਲਿਖਿਆ ਜਾਵੇ।
- ਵਧੇਰੇ ਖੁੱਲ੍ਹੇ/ਘੁਟਵੇਂ ਅੰਕ ਦੇਣ ਤੋਂ ਬਚਿਆ ਜਾਵੇ ਅਤੇ ਵਿਸ਼ਾ-ਸਮਗਰੀ ਤੇ ਨਿਯਮ ਅਨੁਸਾਰ ਬਣਦੇ ਪੂਰੇ-ਪੂਰੇ ਅੰਕ ਦੇਣ ਤੋਂ ਗੁਰੇਜ਼ ਨਾ ਕੀਤਾ ਜਾਵੇ।
- ਵਿਦਿਆਰਥੀ ਦੁਆਰਾ ਕਿਸੇ ਉੱਤਰ ਨੂੰ ਲਿਖਣ ਉਪਰੰਤ ਕੱਟੇ ਜਾਣ ਦੀ ਸਥਿਤੀ ਵਿੱਚ ਜੇਕਰ ਉੱਤਰ ਸਹੀ ਵੀ ਹੋਵੇ, ਤਾਂ ਵੀ ਅੰਕ ਨਾ ਦਿੱਤੇ ਜਾਣ।
- ਵਿਦਿਆਰਥੀ ਦੁਆਰਾ ਬਦਲਵੇਂ ਜਾਂ ਨਿਵੇਕਲੇ ਢੰਗ ਨਾਲ਼ ਦਿੱਤੇ ਗਏ ਉੱਤਰਾਂ ਦੇ ਬਣਦੇ ਅਨੁਪਾਤ ਅਨੁਸਾਰ ਅੰਕ ਦਿੱਤੇ ਜਾਣ।
- ਉਪਭਾਗਾਂ ਵਾਲ਼ੇ ਪ੍ਰਸ਼ਨਾਂ ਦੇ ਉੱਤਰਾਂ ਦੇ ਅੰਕ ਵੰਡ ਕੇ ਸੱਜੇ ਪਾਸੇ ਵੀ ਲਿਖੇ ਜਾਣ, ਜਿਵੇਂ: ½, ½ ਜਾਂ 1, 1 ਅਤੇ ਪੂਰੇ ਅੰਕ ਪ੍ਰਸ਼ਨ ਸੰਖਿਆ ਦੇ ਨਾਲ਼ ਗੋਲੇ '0' ਵਿੱਚ ਖੱਬੇ ਪਾਸੇ ਲਿਖੇ ਜਾਣ, ਜਿਵੇਂ: ④
- ਜੇਕਰ ਵਿਦਿਆਰਥੀ ਦੁਆਰਾ ਦਿੱਤਾ ਗਿਆ ਉੱਤਰ ਸਹੀ ਹੈ ਤਾਂ ਉੱਥੇ ☑ ਦਾ ਨਿਸ਼ਾਨ ਲਗਾਇਆ ਜਾਵੇ ਅਤੇ ਜੇ ਉੱਤਰ ਪੂਰੀ ਤਰ੍ਹਾਂ ਗ਼ਲਤ ਹੈ ਤਾਂ ਉਸ ਉੱਤਰ 'ਤੇ ਗ਼ਲਤ (Cross) ਦਾ ਨਿਸ਼ਾਨ (X) ਲਗਾ ਕੇ '0' ਅੰਕ ਦਿੱਤੇ ਜਾਣ ਤੇ ਉੱਥੇ 'Zero' ਲਿਖਿਆ ਜਾਵੇ।
- ਨਿਰੀਖਿਅਕ ਇਹ ਯਕੀਨੀ ਬਣਾਏ ਕਿ ਕਿਸੇ ਵੀ ਪ੍ਰਸ਼ਨ ਦਾ ਉੱਤਰ ਬਿਨਾਂ ਚੈਕ ਕੀਤੇ ਨਾ ਰਹੇ, ਪਹਿਲੇ/ਨਿਰਧਾਰਿਤ ਪੰਨੇ 'ਤੇ ਅੰਕ ਸਹੀ ਦਰਜ ਹੋਣ, ਜੋੜ ਬਿਲਕੁਲ ਸਹੀ ਹੋਵੇ ਅਤੇ ਅੰਕਾਂ ਤੇ ਸ਼ਬਦਾਂ ਵਿੱਚ ਸਹੀ ਲਿਖਿਆ ਹੋਵੇ।
- ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਵਿਦਿਆਰਥੀ ਆਪਣੀ ਉੱਤਰ-ਪੁਸਤਿਕਾ/ਉੱਤਰ-ਕਾਪੀ ਦੀ ਫੋਟੋ ਕਾਪੀ ਨਿਰਧਾਰਿਤ ਫ਼ੀਸ ਭਰ ਕੇ ਲੈਣ ਦਾ ਹੱਕਦਾਰ ਹੈ, ਇਸ ਲਈ ਨਿਰੀਖਿਅਕ ਨਿਰਧਾਰਿਤ ਨਿਯਮਾਂ ਅਤੇ ਉੱਤਰ ਨੁਕਤਿਆਂ/ਸੰਕੇਤਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਮੁਲਾਂਕਣ ਕਰਨ।

| ਪ੍ਰਸ਼ਨ ਨੰ. | ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| **ਪੜ੍ਹਨ ਕੌਸ਼ਲ (Reading Skill)** | | | | | |
| 1 | | **ਅਣਡਿੱਠਾ ਪੈਰਾ** | | 9 | |
| | (A) | ਪੰਜ ਸੌ ਜਾਂ ਹਜ਼ਾਰ ਸਾਲ ਪਹਿਲਾਂ ਵਾਲੇ ਜੀਵਨ ਨੂੰ ਬਹੁਤ ਚੰਗਾ ਸਮਝਣ ਦੀ ਸੋਚ ਰੱਖਣ ਵਾਲੀ ਤੇ ਉਸੇ ਨੂੰ ਹੀ ਨਿਸ਼ਾਨਾ ਮੰਨ ਕੇ ਚੱਲਣ ਵਾਲੀ ਕੌਮ ਨੂੰ ਜ਼ਿੰਦਗੀ ਦੀਆਂ ਪਿਛਲੀਆਂ ਕਤਾਰਾਂ ਵਿੱਚ ਖਲੋਣਾ ਪੈਂਦਾ ਹੈ। | 2 | | ਵਿਦਿਆਰਥੀ ਇਹਨਾਂ ਪ੍ਰਸ਼ਨ ਦੇ ਉੱਤਰ ਆਪਣੀ ਸੂਝ-ਬੂਝ ਦੇ ਆਧਾਰ 'ਤੇ ਰਚਨਾਤਮਕ ਰੂਪ ਵਿੱਚ ਲਿਖ ਸਕਦੇ ਹਨ, ਜਿਵੇਂ ਪੈਰੇ ਵਿਚਲੀਆਂ ਢੁਕਵੀਆਂ ਸਤਰਾਂ ਨੂੰ ਉਸੇ ਤਰ੍ਹਾਂ ਵੀ ਲਿਖ ਸਕਦੇ ਹਨ। |
| | (B) | ਲਕੀਰ ਦੇ ਫਕੀਰ ਹੋਣ ਵਾਲੀ, ਕਿਸੇ ਦੇ ਪਾਏ ਪੂਰਨਿਆਂ 'ਤੇ ਚੱਲਣ ਵਾਲੀ, ਮੋਹਰੀ ਹੋਣ ਦੀ ਥਾਂ ਪਿਛਲੱਗ ਬਣੇ ਰਹਿਣ ਵਿੱਚ ਫ਼ਖਰ ਮਹਿਸੂਸ ਕਰਨ ਵਾਲੀ, ਕੌਮ ਜਾਂ ਨਸਲ ਦਾ ਵਾਧਾ ਰੁਕ ਜਾਂਦਾ ਹੈ। | 2 | | |
| | (C) | ਜੇ ਦੁਨੀਆਂ ਨੂੰ ਨਵਾਂ ਖਿਆਲ, ਨਵੀਂ ਕਾਢ, ਨਵਾਂ ਸੁਖ, ਨਵਾਂ ਮਾਰਗ ਤੇ ਉਸਾਰੂ ਸੋਚ ਮਿਲੇ ਅਤੇ ਉਸ 'ਤੇ ਅਮਲ ਹੋਵੇ ਤਾਂ ਹੀ ਦੇਸ਼ ਦੀ ਉੱਨਤੀ ਸੰਭਵ ਹੋ ਸਕਦੀ ਹੈ। | 2 | | |
| | (D) | **ਲਕੀਰ ਦਾ ਫਕੀਰ-** ਪੁਰਾਣੇ ਰਾਹ/ਪੁਰਾਣੀ ਲੀਹ 'ਤੇ ਤੁਰਨ ਵਾਲ਼ਾ, ਰਸਮਾਂ-ਰਿਵਾਜਾਂ ਤੋਂ ਬਾਹਰ ਨਾ ਜਾਣ ਵਾਲ਼ਾ, ਇੱਕੋ ਗੱਲ 'ਤੇ ਅੜੇ ਰਹਿਣ ਵਾਲ਼ਾ, ਪਿਛਲੱਗ, ਕਿਸੇ ਦੇ ਪਾਏ ਪੂਰਨਿਆਂ 'ਤੇ ਚੱਲਣ ਵਾਲ਼ਾ, ਰੀਸ ਕਰਨ ਵਾਲ਼ਾ ਆਦਿ<br>**ਈਜਾਦ-** ਕਾਢ, ਕੋਈ ਨਵੀਂ ਚੀਜ਼ ਤਿਆਰ ਕਰਨਾ/ਬਣਾਉਣਾ, ਨਵੀਂ ਤਜਵੀਜ਼, ਨਵੀਂ ਖੋਜ, ਪੈਦਾ ਕਰਨਾ, ਉਤਪੰਨ ਕਰਨਾ, ਨਵਾਂ ਲੱਭਣਾ ਆਦਿ | 2 | | ਵਿਦਿਆਰਥੀ ਇਹਨਾਂ ਸ਼ਬਦਾਂ ਦੇ ਅਰਥ ਆਪਣੀ ਸੂਝ-ਬੂਝ ਦੇ ਆਧਾਰ 'ਤੇ ਹੋਰ ਵੀ ਲਿਖ ਸਕਦੇ ਹਨ, ਸੋ ਸਹੀ ਹੋਣ 'ਤੇ ਬਣਦੇ ਅੰਕ ਦਿੱਤੇ ਜਾਣ। |

| ਪ੍ਰਸ਼ਨ ਨੰ. | ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| | | **ਕਤਾਰਾਂ-** ਪਾਲ, ਪੰਗਤ, ਲਾਈਨਾਂ, ਸਤਰਾਂ, ਸ਼੍ਰੇਣੀਆਂ, ਵਰਗ ਆਦਿ<br><br>**ਫ਼ਖ਼ਰ-** ਮਾਣ, ਗੌਰਵ, ਵਡਿਆਈ, | | | |
| | (E) | ਨਵੀਂ ਸੋਚ, ਅਗਾਂਹਵਧੂ ਸੋਚ, ਨਵੀਂ ਖੋਜ, ਨਵੇਂ ਵਿਚਾਰ, ਉੱਨਤੀ ਦਾ ਮਾਰਗ, ਤਰੱਕੀ ਦਾ ਰਾਜ਼, ਉੱਚੀ ਸੋਚ | 1 | | ਜੇ ਕੋਈ ਹੋਰ ਢੁਕਵਾਂ ਸਿਰਲੇਖ ਵੀ ਲਿਖਿਆ ਹੋਵੇ ਤਾਂ ਬਣਦੇ ਅੰਕ ਦਿੱਤੇ ਜਾਣ । |
| 2 | | **ਅਣਡਿੱਠੀ ਕਾਵਿ-ਟੁਕੜੀ** | | 6 | |
| | (A) | ਅਮਨ/ਸ਼ਾਂਤੀ ਦੇ ਅਹਿਦਨਾਮੇ ਉੱਤੇ ਦੁਨੀਆਂ ਵਾਲਿਆਂ ਨੂੰ ਦਸਖ਼ਤ ਕਰਨ ਦਾ ਸੱਦਾ ਦਿੱਤਾ ਗਿਆ ਹੈ। | 2 | | ਜੇ ਵਿਦਿਆਰਥੀਆਂ ਨੇ ਪ੍ਰਸ਼ਨਾਂ ਦੇ ਉੱਤਰ ਢੁਕਵੀਆਂ ਕਾਵਿ-ਸਤਰਾਂ ਵਿੱਚ ਵੀ ਲਿਖੇ ਹਨ ਤਾਂ ਵੀ ਬਣਦੇ ਅੰਕ ਦਿੱਤੇ ਜਾਣ। |
| | (B) | ਤਕਦੀਰ/ਕਿਸਮਤ ਦੇ ਕਾਗਜ਼ ਅਤੇ ਤਦਬੀਰ/ਜਤਨ ਦੀ ਕਲਮ ਦੀ ਗੱਲ ਕੀਤੀ ਗਈ ਹੈ। | 2 | | |
| | (C) | ਕਲਮ ਵਿੱਚ ਅਮਲ ਭਾਵ ਕਰਮ/ਗਿਆਨ ਦੀ ਸਿਆਹੀ ਭਰਨ ਲਈ ਕਿਹਾ ਗਿਆ ਹੈ। | 2 | | |
| | | **ਵਿਆਕਰਨ** | | | |
| 3 | | **ਸਮਾਸੀ-ਸ਼ਬਦ** | | 4 | ਜੇ ਵਿਦਿਆਰਥੀ ਨੇ ਉੱਤਰ ਵਿੱਚ ਵਿਕਲਪ ਦਾ ਕੇਵਲ ਅੱਖਰ (ਜਿਵੇਂ:A,B,C,D) ਹੀ ਲਿਖਿਆ ਹੋਵੇ ਤਾਂ ਵੀ ਬਣਦੇ ਪੂਰੇ ਅੰਕ ਦਿੱਤੇ ਜਾਣ |
| | (i) | (C) ਪੜ੍ਹਿਆ-ਲਿਖਿਆ | 1 | | |
| | (ii) | (A) ਸਾਫ਼ ਅਤੇ ਸੁਥਰਾ | 1 | | |
| | (iii) | (B) ਜਿੰਦ-ਜਾਨ | 1 | | |
| | (iv) | (A) ਘਿਓ ਅਤੇ ਸ਼ੱਕਰ | 1 | | |

| ਪ੍ਰਸ਼ਨ ਨੰ. | ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| 4 | | **ਬਹੁਅਰਥਕ ਸ਼ਬਦ** | | 4 | ਜੇ ਵਿਦਿਆਰਥੀ ਨੇ ਉੱਤਰ ਵਿੱਚ ਵਿਕਲਪ ਦਾ ਕੇਵਲ ਅੱਖਰ (ਜਿਵੇਂ:A,B,C,D) ਹੀ ਲਿਖਿਆ ਹੋਵੇ ਤਾਂ ਵੀ ਬਣਦੇ ਪੂਰੇ ਅੰਕ ਦਿੱਤੇ ਜਾਣ |
| | (i) | (D) ਇੱਕ ਤੋਂ ਵੱਧ ਅਰਥ ਰੱਖਣ ਵਾਲੇ ਸ਼ਬਦਾਂ ਨੂੰ | 1 | | |
| | (ii) | (C) ਵੱਡਾ ਕਮਰਾ, ਹਾਲਤ | 1 | | |
| | (iii) | (C) ਮਰ ਗਿਆ | 1 | | |
| | (iv) | (B) ਤਿਲਕ, ਬੂਟਾ | 1 | | |
| 5 | | **ਕਿਰਿਆ-ਵਿਸ਼ੇਸ਼ਣ** | | 4 | |
| | (i) | (A) ਥਾਂ | 1 | | |
| | (ii) | (D) ਕਾਲਵਾਚਕ | 1 | | |
| | (iii) | (B) ਈਮਾਨਦਾਰੀ | 1 | | |
| | (iv) | (B) ਅੱਠ | 1 | | |
| | | **ਅਗੇਤਰ-ਪਿਛੇਤਰ** | | | |
| 6 | | (i) 'ਧਰਮ' ਅਤੇ 'ਨਿਰ' ਅਗੇਤਰ ਲਗਾ ਕੇ ਦੋ-ਦੋ ਸ਼ਬਦ<br>(ii) 'ਹੀਣ' ਅਤੇ 'ਦਾਰੀ' ਪਿਛੇਤਰ ਲਗਾ ਕੇ ਦੋ-ਦੋ ਸ਼ਬਦ | | 4 | |
| | (i) | **ਧਰਮ-** ਧਰਮਪਿਤਾ, ਧਰਮਵੀਰ, ਧਰਮਰਾਜ, ਧਰਮਪਤਨੀ, ਧਰਮਸ਼ਾਲਾ, ਧਰਮਸੰਕਟ, ਧਰਮਹੀਣ, ਧਰਮਗ੍ਰੰਥ, ਧਰਮਪੁੱਤਰ, ਧਰਮਪੁੱਤਰੀ, ਧਰਮਭਰਾ | ½ + ½ = 1 | | ਵਿਦਿਆਰਥੀ ਇਹਨਾਂ ਤੋਂ ਇਲਾਵਾ ਹੋਰ ਵੀ ਢੁਕਵੇਂ ਸ਼ਬਦ ਬਣਾ ਸਕਦੇ ਹਨ ਸੋ ਸਹੀ ਹੋਣ 'ਤੇ ਬਣਦੇ ਅੰਕ ਦਿੱਤੇ ਜਾਣ । |

| ਪ੍ਰਸ਼ਨ ਨੰ. | ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| | | **ਨਿਰ-** ਨਿਰਮਲ, ਨਿਰਲੇਪ, ਨਿਰਗੁਣ, ਨਿਰਦੋਸ਼, ਨਿਰਛਲ, ਨਿਰਸੰਦੇਹ, ਨਿਰਉੱਤਰ, ਨਿਰਭਉ, ਨਿਰਵੈਰ, ਨਿਰਮੂਲ, ਨਿਰਜੀਵ, ਨਿਰਲੱਜ, ਨਿਰਜਲ, ਨਿਰਵਸਤਰ, ਨਿਰਮੋਹਿਆ, ਨਿਰਦਈ, ਨਿਰਧਨ, ਨਿਰਵਿਘਨ | ½ + ½ = 1 | | |
| | (ii) | **ਹੀਣ-** ਗੁਣਹੀਣ, ਚਰਿੱਤਰਹੀਣ, ਰੰਗਹੀਣ, ਰੂਪਹੀਣ, ਬਲਹੀਣ, ਬੁੱਧੀਹੀਣ, ਧਨਹੀਣ, ਕਰਮਹੀਣ, ਦਿਸ਼ਾਹੀਣ, ਨੇਤਰਹੀਣ, ਅੰਗਹੀਣ, ਅਰਥਹੀਣ, ਭਾਗਹੀਣ, ਗਿਆਨਹੀਣ, ਸ਼ੋਭਾਹੀਣ<br><br>**ਦਾਰੀ-** ਇਮਾਨਦਾਰੀ, ਪਹਿਰੇਦਾਰੀ, ਵਫ਼ਾਦਾਰੀ, ਚੌਕੀਦਾਰੀ, ਲੰਬੜਦਾਰੀ, ਨੰਬਰਦਾਰੀ, ਰਿਸ਼ਤੇਦਾਰੀ, ਮੁਲਾਹਜ਼ੇਦਾਰੀ, ਠੇਕੇਦਾਰੀ, ਟੱਬਰਦਾਰੀ, ਕਬੀਲਦਾਰੀ, ਖ਼ਰੀਦਦਾਰੀ, ਠਾਣੇਦਾਰੀ, ਸਮਝਦਾਰੀ, ਸਰਦਾਰੀ, ਹੌਲਦਾਰੀ, ਰਾਹਦਾਰੀ ਦੁਕਾਨਦਾਰੀ, ਜਥੇਦਾਰੀ | ½ + ½ = 1<br><br>½ + ½ = 1 | | ਵਿਦਿਆਰਥੀ ਇਹਨਾਂ ਤੋਂ ਇਲਾਵਾ ਹੋਰ ਵੀ ਢੁਕਵੇਂ ਸ਼ਬਦ ਬਣਾ ਸਕਦੇ ਹਨ ਸੋ ਸਹੀ ਹੋਣ 'ਤੇ ਬਣਦੇ ਅੰਕ ਦਿੱਤੇ ਜਾਣ । |

| ਪ੍ਰਸ਼ਨ ਨੰ. | ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| 7 | | ਮੁਹਾਵਰਿਆਂ ਦਾ ਅਰਥ ਸਪਸ਼ਟ ਕਰਦੇ ਹੋਏ ਵਾਕ ਬਣਾਓ | | 4 | |
| | (i) | **ਕੰਨ ਭਰਨੇ-** ਚੁਗਲੀ ਕਰਨੀ, ਚੁੱਕਾਂ ਦੇਣੀਆਂ, ਭੜਕਾਉਣਾ, ਉਕਸਾਉਣਾ, ਕਿਸੇ ਦੇ ਵਿਰੁੱਧ ਵਧਾ-ਚੜ੍ਹਾ ਕੇ ਗੱਲ ਕਰਨੀ | 1 | | ਜੇਕਰ ਵਿਦਿਆਰਥੀ ਅਰਥ ਨਹੀਂ ਦੱਸਦਾ ਪਰ ਅਰਥ ਸਪਸ਼ਟ ਕਰਦਾ ਹੋਇਆ ਸਹੀ ਵਾਕ ਲਿਖਦਾ/ਬਣਾਉਂਦਾ ਹੈ ਤਾਂ ਬਣਦੇ ਪੂਰੇ ਅੰਕ ਦਿੱਤੇ ਜਾਣ ।<br>ਅਰਥ ਨੂੰ ਮਹੱਤਵ ਨਾ ਦਿੰਦੇ ਹੋਏ ਸਹੀ ਤੇ ਸਪਸ਼ਟ ਵਾਕ ਵੱਲ ਧਿਆਨ ਦਿੱਤਾ ਜਾਵੇ । |
| | (ii) | **ਘਿਓ-ਖਿਚੜੀ ਹੋਣਾ-** ਰਲ਼-ਮਿਲ਼ ਕੇ ਰਹਿਣਾ, ਮਿਲ਼-ਜੁਲ ਕੇ ਰਹਿਣਾ, ਇੱਕ-ਮਿੱਕ ਹੋਣਾ | 1 | | |
| | (iii) | **ਜੂਨ ਭੁਗਤਣਾ-** ਦਿਨ ਕੱਟਣੇ, ਔਖਾ ਜਾਂ ਮਾੜਾ ਸਮਾਂ ਬਤੀਤ ਕਰਨਾ, ਗ਼ਰੀਬੀ ਵਿੱਚ ਦਿਨ ਗੁਜ਼ਾਰਨੇ, ਮਾੜੇ ਕਰਮ ਭੋਗਣੇ, ਮੁਸ਼ਕਲ ਨਾਲ਼ ਸਮਾਂ ਗੁਜ਼ਾਰਨਾ, ਦੁਖੀ ਜੀਵਨ ਬਤੀਤ ਕਰਨਾ | 1 | | |
| | (iv) | **ਚਾਰ ਚੰਨ ਲਗਣੇ-** ਸ਼ੋਭਾ ਵਧਣੀ, ਰੌਣਕ ਲੱਗ ਜਾਣੀ, ਇੱਜ਼ਤ ਵਧਣੀ, ਵਡਿਆਈ ਮਿਲਣੀ | 1 | | |

| ਪ੍ਰਸ਼ਨ ਨੰ. | ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| **ਲਿਖਣ-ਕੌਸ਼ਲ (Writing Skill)** | | | | | |
| 8 | | **ਲੇਖ** | | 10 | |
| | | **ਨਾਨਕ ਦੁਖੀਆ ਸਭ ਸੰਸਾਰ**<br>• ਗੁਰੂ ਨਾਨਕ ਦੇਵ ਜੀ ਦੀ ਉਚਾਰੀ ਤੁਕ<br>• ਜੀਵਨ ਦੀ ਅਟੱਲ ਸਚਾਈ<br>• ਮਨੁੱਖ ਨੂੰ ਭੁਲੇਖਾ ਕਿ ਮੈਂ ਹੀ ਦੁਖੀ ਹਾਂ<br>• ਅਮੀਰ ਮਾਨਸਿਕ ਦੁਖੀ<br>• ਗਰੀਬ ਆਰਥਿਕ ਤੰਗੀ ਤੋਂ ਦੁਖੀ<br>• ਦੁਖ ਦਾ ਮਨੁੱਖੀ ਜੀਵਨ ਵਿੱਚ ਖ਼ਾਸ ਸਥਾਨ<br>• ਦੁੱਖ ਵਿੱਚ ਸੰਘਰਸ਼ ਕਰਨ ਨਾਲ ਉਸਾਰੂ ਕੰਮ ਹੁੰਦੇ ਹਨ<br>• ਦੁੱਖ ਵਿੱਚ ਸਿਮਰਨ ਨਾਲ਼ ਆਤਮਕ ਬਲ ਦੀ ਪ੍ਰਾਪਤੀ<br>• ਸਿੱਟਾ | | | ਸ਼ਬਦ ਸੀਮਾ ਤੋਂ ਵਾਧੂ ਸ਼ਬਦਾਂ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਵਿਦਿਆਰਥੀਆਂ ਦੇ ਵਿਚਾਰਾਂ, ਪੇਸ਼ਕਾਰੀ, ਤੱਥਾਂ ਅਤੇ ਸਮਝ ਅਨੁਸਾਰ ਨੁਕਤਿਆਂ ਨੂੰ ਮੁੱਖ ਰੱਖਦੇ ਹੋਏ, ਬਣਦੇ ਅੰਕ ਦਿੱਤੇ ਜਾਣ । |
| | | **ਪੁਸਤਕਾਂ ਸਭ ਤੋਂ ਚੰਗਾ ਸਾਥੀ**<br>• ਜੀਵਨ ਵਿੱਚ ਰਿਸ਼ਤਿਆਂ ਦਾ ਮਹੱਤਵ<br>• ਪੁਸਤਕਾਂ ਦਾ ਮਹੱਤਵ<br>• ਪੁਸਤਕ-ਇੱਕ ਚੰਗਾ ਸਾਥੀ<br>• ਪੁਸਤਕਾਂ ਦੀਆਂ ਕਿਸਮਾਂ<br>• ਪੁਸਤਕਾਂ ਦੀ ਚੋਣ ਵੇਲੇ ਸੁਚੇਤ<br>• ਸਿੱਟਾ | | | |
| | | **ਮਹਿੰਗਾਈ ਦੀ ਸਮੱਸਿਆ**<br>• ਭੂਮਿਕਾ<br>• ਮਨੁੱਖ ਦੀਆਂ ਮੂਲ ਜ਼ਰੂਰਤਾਂ<br>• ਮਹਿੰਗਾਈ ਦੀ ਸਮੱਸਿਆ:ਵਿਸ਼ਵ-ਵਿਆਪੀ<br>• ਮਹਿੰਗਾਈ ਦੇ ਮੁੱਖ ਕਾਰਨ<br>• ਸਰਕਾਰ ਵੱਲੋਂ ਠੋਸ ਕਦਮ | | | |

| ਪ੍ਰਸ਼ਨ ਨੰ. | ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| 9 | | **ਪੱਤਰ** | | 8 | |
| | | ਮਿੱਤਰ ਜਾਂ ਸਹੇਲੀ ਨੂੰ ਉਸ ਦੀ ਭੈਣ ਦੇ ਹੋਣ ਵਾਲ਼ੇ ਵਿਆਹ ਵਿੱਚ ਬੇਲੋੜੇ ਖ਼ਰਚ ਨਾ ਕਰਨ ਦੀ ਗੁਜ਼ਾਰਿਸ਼ | | | |
| | | ਪਰੀਖਿਆ ਭਵਨ,<br>......... ਸ਼ਹਿਰ ।<br>ਮਿਤੀ............... | 1 ½ | | ਵਿਦਿਆਰਥੀਆਂ ਦੇ ਵਿਚਾਰਾਂ ਅਤੇ ਸਮਝ ਅਨੁਸਾਰ ਨੁਕਤਿਆਂ ਨੂੰ ਮੁੱਖ ਰੱਖਦੇ ਹੋਏ, ਬਣਦੇ ਅੰਕ ਦਿੱਤੇ ਜਾਣ । |
| | | ਪਿਆਰੇ ਮਿੱਤਰ/ਪਿਆਰੀ ਸਹੇਲੀ,<br>ਸਤਿ ਸ੍ਰੀ ਅਕਾਲ/ਨਮਸਤੇ । | 1 | | |
| | | ਵਿਸ਼ਾ-ਸਮਗਰੀ/ਵਿਸ਼ੇ ਦਾ ਵਿਸਥਾਰ .......<br>....................................................<br>.................................................... | 4 | | |
| | | ਤੇਰੀ ਪਿਆਰੀ ਸਹੇਲੀ/<br>ਤੇਰਾ ਪਿਆਰਾ ਮਿੱਤਰ,<br>ਕ. ਖ. ਗ. । | 1 ½ | | |
| | | ਜਾਂ | | | |

| ਪ੍ਰਸ਼ਨ ਨੰ. | ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| | | ਪ੍ਰਕਾਸ਼ਕ ਕੋਲੋਂ ਮੰਗਵਾਈਆਂ ਪੁਸਤਕਾਂ ਦੀ ਮਾੜੀ ਹਾਲਤ ਬਾਰੇ ਪ੍ਰਕਾਸ਼ਕ ਨੂੰ ਪੱਤਰ | | | |
| | | ਪਰੀਖਿਆ ਭਵਨ,<br>......... ਸ਼ਹਿਰ ।<br>ਮਿਤੀ............... | 1 ½ | | ਵਿਦਿਆਰਥੀਆਂ ਦੇ ਵਿਚਾਰਾਂ ਅਤੇ ਸਮਝ ਅਨੁਸਾਰ ਨੁਕਤਿਆਂ ਨੂੰ ਮੁੱਖ ਰੱਖਦੇ ਹੋਏ, ਬਣਦੇ ਅੰਕ ਦਿੱਤੇ ਜਾਣ । |
| | | ਸੇਵਾ ਵਿਖੇ<br>ਪ੍ਰਕਾਸ਼ਕ ਸਾਹਿਬ,<br>...........ਪ੍ਰਕਾਸ਼ਨ,<br>........... ਸ਼ਹਿਰ । | 1 ½ | | |
| | | ਵਿਸ਼ਾ-................................. ।<br>ਸ੍ਰੀ ਮਾਨ ਜੀ, | 1 | | |
| | | ਵਿਸ਼ਾ-ਸਮਗਰੀ/ਵਿਸ਼ੇ ਦਾ ਵਿਸਥਾਰ .......<br>.................................................. | 3 | | |
| | | ਆਪ ਜੀ ਦਾ ਵਿਸ਼ਵਾਸ-ਪਾਤਰ/<br>ਸ਼ੁਭ-ਚਿੰਤਕ/ਪਾਠਕ,<br>ਕ. ਖ. ਗ. । | 1 | | |
| 10 | | **ਇਸ਼ਤਿਹਾਰ** | | 7 | |
| | | ਦੁਪਹੀਆ ਸਕੂਟਰ ਵੇਚਣ ਲਈ ਇਸ਼ਤਿਹਾਰ | | | ਉਚਿਤ ਸਿਰਲੇਖ, ਆਕਰਸ਼ਿਤ ਵਿਸ਼ਾ-ਸਮਗਰੀ ਤੇ ਪੇਸ਼ਕਾਰੀ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਬਣਦੇ ਪੂਰੇ ਅੰਕ ਦਿੱਤੇ ਜਾਣ । |
| | | • ਇਸ਼ਤਿਹਾਰ ਲਈ ਬਣਿਆ ਬਾਕਸ/ਹੱਦਬੰਦੀ | 1 | | |
| | | • ਸਿਰਲੇਖ | 1 | | |
| | | • ਦਿਲਚਸਪ ਵਿਸ਼ਾ-ਸਮਗਰੀ | 4 | | |
| | | • ਨਾਮ, ਫੋਨ ਨੰਬਰ, ਪਤਾ | 1 | | |
| | | **ਜਾਂ** | | | |

| ਪ੍ਰਸ਼ਨ ਨੰ. | ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| | | ਤਸਵੀਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਉਸ ਦਾ ਵਰਨਣ | | | ਵਿਦਿਆਰਥੀ ਆਪਣੀ ਪਹੁੰਚ ਤੇ ਸਮਝ ਅਨੁਸਾਰ ਆਪਣੇ ਵਿਚਾਰ ਪੇਸ਼ ਕਰੇਗਾ । ਵਿਦਿਆਰਥੀ ਦੇ ਵੇਰਵਿਆਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਬਣਦੇ ਅੰਕ ਦਿੱਤੇ ਜਾਣ |
| **ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ** | | | | | |
| 11 | | **ਅਤਿ ਛੋਟੇ ਪ੍ਰਸ਼ਨ (ਬਹੁਵਿਕਲਪੀ)** | | 4 | ਜੇ ਵਿਦਿਆਰਥੀ ਨੇ ਉੱਤਰ ਵਿੱਚ ਵਿਕਲਪ ਦਾ ਕੇਵਲ ਅੱਖਰ (ਜਿਵੇਂ:A,B,C,D) ਹੀ ਲਿਖਿਆ ਹੋਵੇ ਤਾਂ ਵੀ ਬਣਦੇ ਪੂਰੇ ਅੰਕ ਦਿੱਤੇ ਜਾਣ |
| | (i) | (D) ਰਾਸ਼ਟਰਪਤੀ ਅਵਾਰਡ | 1 | | |
| | (ii) | (C) ਭੂਆ | 1 | | |
| | (iii) | (B) ਹਉਮੈਂ | 1 | | |
| | (iv) | (A) ਬਰਫ਼ ਦੀ ਕੁਲਫ਼ੀ | 1 | | |
| 12 | | **ਅਤਿ ਛੋਟੇ ਪ੍ਰਸ਼ਨ (ਇੱਕ ਸ਼ਬਦ ਵਾਲ਼ੇ)** | | 4 | |
| | (i) | ਦਸੌਂਧ/ਦਸਵੰਧ/ਦਸਵਾਂ ਹਿੱਸਾ | 1 | | |
| | (ii) | ਸੂਫ਼ੀ ਕਵੀਆਂ ਨੇ/ਸੂਫ਼ੀਆਂ ਨੇ | 1 | | |
| | (iii) | ਸ਼ਾਮ ਦਾਸ | 1 | | |
| | (iv) | ਪ੍ਰੋ. ਆਈ. ਸੀ. ਨੰਦਾ/ ਪ੍ਰੋ. ਈਸ਼ਵਰ ਚੰਦਰ ਨੰਦਾ | 1 | | |

| ਪ੍ਰਸ਼ਨ ਨੰ. | ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| 13 | | **ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ** | | 6 | |
| | (i) | ਵੰਦਨਾ ਵੱਲੋਂ ਬਿਨਾਂ ਪੁੱਛੇ ਛੱਤ ’ਤੇ ਪੰਜ ਸੌ ਲੀਟਰ ਦੀ ਟੈਂਕੀ ਹਟਾ ਕੇ ਇੱਕ ਹਜ਼ਾਰ ਲੀਟਰ ਦੀ ਟੈਂਕੀ ਰੱਖਣਾ, ਅਰਚਨਾ ਦਾ ਛੱਤ ’ਤੇ ਆਪਣਾ ਅਧਿਕਾਰ ਸਮਝਣਾ , ਗੁਆਂਢਣ ਨੂੰ ਇਹ ਗੱਲ ਪਸੰਦ ਨਾ ਆਉਣਾ | 2 | | ਜੇ ਵਿਦਿਆਰਥੀ ਨੇ ਪ੍ਰਸ਼ਨਾਂ ਦੇ ਉੱਤਰ ਢੁਕਵੇਂ ਪਰ ਸੰਖੇਪ ਸ਼ਬਦਾਂ ਵਿੱਚ ਵੀ ਲਿਖੇ ਹਨ ਤਾਂ ਵੀ ਬਣਦੇ ਪੂਰੇ ਅੰਕ ਦਿੱਤੇ ਜਾਣ |
| | (ii) | ਚਾਰ ਸੌ ਮੀਟਰ ਦੀ ਦੌੜ ਵਿੱਚ ਜਗਤ-ਪ੍ਰਸਿੱਧੀ ਹਾਸਲ ਕਰਨ ਲਈ ਮਿਲਖਾ ਸਿੰਘ ਨੂੰ ਤੀਹ ਹਜ਼ਾਰ ਮੀਲ ਦੌੜਨ ਦਾ ਅਭਿਆਸ ਕਰਨਾ ਪਿਆ, ਦਿਨ-ਰਾਤ ਦੌੜਨ ਦਾ ਸਖ਼ਤ ਅਭਿਆਸ ਕਰਨਾ ਪਿਆ | 2 | | |
| | (iii) | ਧਰਮ-ਨਿਰਪੱਖ, ਧਾਰਮਿਕ ਸੰਸਕਾਰਾਂ ਨੂੰ ਮੰਨਣ ਵਾਲੇ, ਅੰਤਰ-ਧਰਮ ਵਿੱਚ ਵਿਸ਼ਵਾਸ ਰੱਖਣ ਵਾਲੇ, ਉਹਨਾਂ ਅਨੁਸਾਰ ਆਮ ਲੋਕਾਂ ਲਈ ਧਰਮ ਦੋਸਤ ਬਣਾਉਣ ਦਾ ਇੱਕ ਮਾਧਿਅਮ ਜਦਕਿ ਛੋਟੀ ਸੋਚ ਵਾਲਿਆਂ ਲਈ ਲੜਨ ਦਾ ਸਾਧਨ, ਧਰਮ ਦੇ ਨਾਂ ’ਤੇ ਦੂਜਿਆਂ ਨੂੰ ਨੁਕਸਾਨ ਨਾ ਪਹੁੰਚਾਉਣ ਦੇ ਹੱਕ ਵਿੱਚ | 2 | | |

| ਪ੍ਰਸ਼ਨ ਨੰ. | ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| 14 | | **ਵੱਡੇ ਉੱਤਰਾਂ ਵਾਲੇ ਪ੍ਰਸ਼ਨ (50-60 ਸ਼ਬਦਾਂ ਵਿੱਚ )** | | 3 | |
| | | ਪੰਜਾਬੀ ਸੱਭਿਆਚਾਰ ’ਤੇ ਪੈ ਰਹੇ ਪੱਛਮੀ ਪ੍ਰਭਾਵ ਦਾ ਜ਼ਿਕਰ, ਪੰਜਾਬੀ ਪਹਿਰਾਵੇ, ਖਾਣ-ਪੀਣ ਤੇ ਰਹਿਣ-ਸਹਿਣ ’ਤੇ ਪੱਛਮੀ ਪ੍ਰਭਾਵ, ਸਮਾਜਿਕ, ਸੱਭਿਆਚਾਰਕ ਤੇ ਆਰਥਿਕ ਜੀਵਨ ਨਾਲ਼ ਜੁੜੀਆਂ ਵਸਤਾਂ ਦਾ ਖਤਮ ਹੋਣਾ, ਮੋਹ-ਪਿਆਰ, ਇੱਜ਼ਤ-ਮਾਣ ਤੇ ਆਪਸੀ ਸਾਂਝ ਦਾ ਖਤਮ ਹੋਣਾ, ਪੰਜ-ਪਾਣੀਆਂ ਦੀ ਧਰਤੀ ਦਾ ਆਪਣੀ ਪਛਾਣ ਗੁਆਉਣਾ | | | ਵਿਦਿਆਰਥੀ ਦੀ ਰਚਨਾਤਮਕਤਾ ਨੂੰ ਧਿਆਨ ਵਿੱਚ ਰੱਖ ਕੇ ਬਦਲਵੇਂ ਢੰਗ ਨਾਲ਼ ਦਿੱਤੇ ਉੱਤਰ ਨੂੰ ਵੀ ਬਣਦੇ ਪੂਰੇ ਅੰਕ ਦਿੱਤੇ ਜਾਣ । |
| | | **ਜਾਂ** | | | |
| | | 1. ਭਾਸ਼ਗਤ ਬੁੱਧੀ 2. ਤਾਰਕਿਕ-ਗਣਿਤਕ ਬੁੱਧੀ 3. ਦ੍ਰਿਸ਼ਟੀਗਤ-ਸਪੇਸਗਤ ਬੁੱਧੀ 4. ਸੰਗੀਤਕ ਬੁੱਧੀ 5. ਸਰੀਰਗਤ ਬੁੱਧੀ 6. ਤਾਲਮੇਲ ਬੁੱਧੀ 7. ਸਵੈਮੁਖੀ ਬੁੱਧੀ 8. ਪ੍ਰਕਿਰਤੀਗਤ ਬੁੱਧੀ<br><br>**ਸੰਗੀਤਕ ਬੁੱਧੀ-** ਮਾਨਸਿਕ ਤੇ ਸਮਾਜਿਕ ਤੌਰ ’ਤੇ ਨਿਖਾਰ, ਆਪਣੀ ਕਾਬਲੀਅਤ ਦੀ ਪਛਾਣ, ਊਰਜਾ ਸ਼ਕਤੀ ਨੂੰ ਸੰਯੋਜਿਕ ਤੇ ਛੁਪੀ ਹੋਈ ਰੁਚੀ ਨੂੰ ਉਜਾਗਰ ਕਰਨ ਵਿੱਚ ਮਦਦਗਾਰ, ਸੰਗੀਤ ਨਾਲ਼ ਜੋੜਨ ਦੀ ਪ੍ਰੇਰਨਾ | | | ਵਿਦਿਆਰਥੀ ਦੀ ਰਚਨਾਤਮਕਤਾ ਨੂੰ ਧਿਆਨ ਵਿੱਚ ਰੱਖ ਕੇ ਬਦਲਵੇਂ ਢੰਗ ਨਾਲ਼ ਦਿੱਤੇ ਉੱਤਰ ਨੂੰ ਵੀ ਬਣਦੇ ਪੂਰੇ ਅੰਕ ਦਿੱਤੇ ਜਾਣ । |

| ਪ੍ਰਸ਼ਨ ਨੰ. | ਭਾਗ ਨੰ. | ਪ੍ਰਸ਼ਨ ਦੇ ਭਾਗ/ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| 15 | | 'ਬੇਬੇ ਰਾਮ ਭਜਨੀ' ਇਕਾਂਗੀ ਰਾਹੀਂ ਇਕਾਂਗੀਕਾਰ ਕੀ ਕਹਿਣਾ ਚਾਹੁੰਦਾ ਹੈ ? ਉੱਤਰ 50-60 ਸ਼ਬਦਾਂ ਵਿੱਚ ਦਿਓ । | | 3 | |
| | | ਵਹਿਮ-ਭਰਮ, ਧਾਰਮਿਕ ਪਾਖੰਡਾਂ, ਸ਼ਰਾਬ ਤੇ ਜੂਏ ਵਰਗੀਆਂ ਸਮਾਜਿਕ ਬੁਰਾਈਆਂ ਉੱਪਰ ਵਿਅੰਗ, ਅਨਪੜ੍ਹ ਲੋਕਾਂ ਦਾ ਪਖੰਡੀ ਸਾਧੂਆਂ ਦੇ ਚੁੰਗਲ ਵਿੱਚ ਫਸਣਾ, ਲੋਕਾਂ ਦੇ ਰਹਿਣ-ਸਹਿਣ ਦੀ ਜਾਣਕਾਰੀ, ਬੁਰੀ ਸੰਗਤ, ਮਤਲਬੀ ਤੇ ਧੋਖੇਬਾਜ਼ ਦੋਸਤਾਂ ਤੋਂ ਸੁਚੇਤ ਰਹਿਣ ਦੀ ਪ੍ਰੇਰਨਾ, ਮਰਦ-ਪ੍ਰਧਾਨ ਸਮਾਜ ਦੀ ਪੇਸ਼ਕਾਰੀ | | | ਇੰਨੇ ਜ਼ਿਆਦਾ ਨੁਕਤੇ ਕੇਵਲ ਅਧਿਆਪਕਾਂ ਦੀ ਸਹੂਲਤ ਲਈ ਹਨ<br>ਇਕਾਂਗੀ ਦੇ ਵਿਸ਼ੇ ਦੇ ਵਿਸਥਾਰ ਨੂੰ ਵੇਖਦੇ ਹੋਏ, ਅੰਕਾਂ ਤੇ ਸ਼ਬਦਾਂ ਦੀ ਸੀਮਤ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ, ਵਿਦਿਆਰਥੀ ਦੇ ਵਿਚਾਰਾਂ ਤੇ ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ, ਬਣਦੇ ਅੰਕ ਦਿੱਤੇ ਜਾਣ । |
| | | **ਜਾਂ** | | | |
| | | 'ਬੇਬੇ ਰਾਮ ਭਜਨੀ' ਇਕਾਂਗੀ ਦੇ ਮੁੱਖ ਚਰਿੱਤਰ ਦਾ ਚਰਿਤਰ ਚਿਤਰਨ 50-60 ਸ਼ਬਦਾਂ ਵਿੱਚ ਕਰੋ | | | ਵੈਸੇ ਤਾਂ 'ਬੇਬੇ ਰਾਮ ਭਜਨੀ' ਇਕਾਂਗੀ ਦੀ ਮੁੱਖ-ਪਾਤਰ 'ਰਾਮ ਭਜਨੀ' ਹੀ ਹੈ ਪਰ 'ਸ਼ਾਮ ਦਾਸ' ਵੀ ਇਕਾਂਗੀ ਦਾ ਪ੍ਰਮੁੱਖ ਪਾਤਰ ਹੈ, ਜੇ ਵਿਦਿਆਰਥੀ ਨੇ ਉਸ ਦਾ ਚਰਿਤਰ ਚਿਤਰਨ ਕੀਤਾ ਹੈ ਤਾਂ ਸਹੀ ਹੋਣ ਦੀ ਸੂਰਤ ਵਿੱਚ ਬਣਦੇ ਅੰਕ ਦਿੱਤੇ ਜਾਣ |
| | | **ਬੇਬੇ ਰਾਮ ਭਜਨੀ-**<br>ਧਾਰਮਿਕ ਵਿਚਾਰਾਂ ਵਾਲ਼ੀ, ਅੰਧ-ਵਿਸ਼ਵਾਸੀ, ਦੂਜਿਆਂ ਨੂੰ ਪ੍ਰੇਰਨਾ ਦੇਣ ਵਾਲ਼ੀ, ਭੋਲੇ ਸੁਭਾਅ ਵਾਲ਼ੀ ਔਰਤ, ਦਾਨ-ਪੁੰਨ ਵਿੱਚ ਵਿਸ਼ਵਾਸ਼ ਰੱਖਣ ਵਾਲ਼ੀ, ਦੁਨੀਆਂ ਤੋਂ ਨਿਰਾਸ਼, ਪਤੀ ਦੀਆਂ ਆਦਤਾਂ ਤੋਂ ਦੁਖੀ, ਮੌਕੇ ਅਨੁਸਾਰ ਗੁੱਸਾ ਕਰਨ ਵਾਲ਼ੀ | | | ਇੰਨੇ ਜ਼ਿਆਦਾ ਨੁਕਤੇ ਕੇਵਲ ਅਧਿਆਪਕਾਂ ਦੀ ਸਹੂਲਤ ਲਈ ਹਨ<br>ਅੰਕਾਂ ਤੇ ਸ਼ਬਦਾਂ ਦੀ ਸੀਮਤ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ, ਵਿਦਿਆਰਥੀ ਦੇ ਵਿਚਾਰਾਂ ਤੇ ਉਸ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ, ਬਣਦੇ ਅੰਕ ਦਿੱਤੇ ਜਾਣ । |